# ਸੁਪਰਡੈਂਟ ਜੌਰਡਨ ਟਿੰਨੀ ਵਲੋਂ ਸੁਨੇਹਾ

ਸਟਾਫ ਦੇ ਮੈਂਬਰੋ, ਮਾਪਿਓ, ਵਿਦਿਆਰਥੀਓ ਅਤੇ ਕਮਿਊਨਿਟੀ ਦੇ ਮੈਂਬਰੋ। 7 ਸਤੰਬਰ ਨੂੰ ਸਕੂਲ ਖੁੱਲ੍ਹਣ ਦੇ ਨੇੜੇ ਤੁਹਾਡੇ ਨਾਲ ਗੱਲ ਕਰਨਾ ਬਹੁਤ ਵਧੀਆ ਲੱਗ ਰਿਹਾ ਹੈ। ਮੈਂ ਤੁਹਾਡੇ ਨਾਲ ਸਕੂਲ ਖੁੱਲ੍ਹਣ ਨਾਲ ਸੰਬੰਧਿਤ ਕੁੱਝ ਮੁਢਲੀਆਂ ਗੱਲਾਂ ਅਤੇ ਸਿਹਤ ਅਤੇ ਸੁਰੱਖਿਆ ਬਾਰੇ ਨਿਯਮਾਂ ਬਾਰੇ ਗੱਲ ਕਰਨਾ ਚਾਹੁੰਦਾ ਹਾਂ, ਤਾਂ ਕਿ ਜਦੋਂ ਅਗਲੇ ਹਫਤੇ ਬੱਚੇ ਸਕੂਲ ਆਉਣ ਤਾਂ ਤੁਹਾਨੂੰ ਪਤਾ ਹੋਵੇ ਕਿ ਕਿਸ ਚੀਜ਼ ਦੀ ਉਮੀਦ ਰੱਖਣੀ ਹੈ।

ਸਰਕਾਰ ਵੱਲੋਂ 24 ਅਗਸਤ ਨੂੰ ਐਲਾਨੀਆਂ ਗਈਆਂ ਤਬਦੀਲੀਆਂ ਨਾਲ, 2020 ਦੇ ਸ਼ੁਰੂ ਤੋਂ ਬਾਅਦ ਪਹਿਲੀ ਵਾਰ ਅਸੀਂ ਸਕੂਲਾਂ ਨੂੰ ਬਹੁਤ ਜ਼ਿਆਦਾ ਉਸ ਤਰ੍ਹਾਂ ਦੇਖਾਂਗੇ, ਜਿਸ ਤਰ੍ਹਾਂ ਦੇ ਉਹ ਮਹਾਂਮਾਰੀ ਤੋਂ ਪਹਿਲਾਂ ਹੁੰਦੇ ਸਨ। ਪਿਛਲੇ ਸਾਲ ਦੌਰਾਨ ਸਾਡੇ ਵੱਲੋਂ ਸਿੱਖੀਆਂ ਗਈਆਂ ਬਹੁਤ ਸਾਰੀਆਂ ਚੀਜ਼ਾਂ ਵਿੱਚੋਂ ਸਭ ਤੋਂ ਪ੍ਰਤੱਖ ਦਿਸਣ ਵਾਲੀ ਇੱਕ ਚੀਜ਼ ਜਾਣਕਾਰੀ ਇਕੱਤਰ ਕਰਨਾ ਅਤੇ ਦੋਸਤਾਂ ਅਤੇ ਸਾਥੀਆਂ ਨਾਲ ਸਾਂਝੀ ਕਰਨਾ ਹੈ, ਅਤੇ ਅਸੀਂ ਇਕ ਵਾਰ ਫਿਰ ਅਜਿਹਾ ਕਰਨ ਲਈ ਉਤਾਵਲੇ ਹਾਂ।

ਇਹ ਸੁਨੇਹਾ ਅਸਲ ਵਿੱਚ ਪਿਛਲੇ ਸਾਲ ਨਾਲੋਂ ਕੁੱਝ ਕੁ ਮੁੱਖ ਤਬਦੀਲੀਆਂ ਨੂੰ ਉਜਾਗਰ ਕਰਨ ਬਾਰੇ ਹੈ। ਮੈਂ ਤੁਹਾਨੂੰ ਮੁੱਖ ਤਬਦੀਲੀਆਂ ਬਾਰੇ ਦੱਸਣਾ ਚਾਹੁੰਦਾ ਹਾਂ ਤਾਂ ਕਿ ਤੁਸੀਂ ਫਰਕਾਂ ਨੂੰ ਸਮਝ ਸਕੋ। ਅਸੀਂ ਅਜੇ ਵੀ ਮਹਾਂਮਾਰੀ ਵਿੱਚ ਹਾਂ, ਸਾਨੂੰ ਇਹ ਯਾਦ ਕਰਵਾਉਣ ਵਾਲੀ ਸਭ ਤੋਂ ਮਹੱਤਵਪੂਰਨ ਅਤੇ ਪ੍ਰਤੱਖ ਗੱਲ ਇਹ ਹੈ ਕਿ ਸਾਰੇ ਸਟਾਫ ਮੈਂਬਰਾਂ ਅਤੇ ਗਰੇਡ 4 ਅਤੇ ਉਸ ਤੋਂ ਉਪਰਲੇ ਗ੍ਰੇਡਾਂ ਦੇ ਵਿਦਿਆਰਥੀਆਂ ਨੂੰ ਮਾਸਕ ਪਾਉਣ  ਦੀ ਲੋੜ ਹੋਵੇਗੀ। ਪਰ ਇਕ ਥਾਂ ਤੋਂ ਦੂਸਰੀ ਥਾਂ `ਤੇ ਆਉਣਾ-ਜਾਣਾ, ਇਕੱਠੇ ਹੋਣਾ, ਸਰਗਰਮੀਆਂ ਅਤੇ ਰੂਪਰੇਖਾ ਉਸ ਤਰ੍ਹਾਂ ਦਿਖਾਈ ਦੇਣੀ ਸ਼ੁਰੂ ਹੋ ਜਾਵੇਗੀ, ਜਿਸ ਤਰ੍ਹਾਂ ਦੀ ਇਹ 2019 ਵਿੱਚ ਹੁੰਦੀ ਸੀ।

ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਦੋਹਾਂ ਲਈ ਸਾਡੀ ਸਮਾਂਸੂਚੀ ਦੀ ਰੂਪਰੇਖਾ 2019 ਵਾਲੀ ਹੋਵੇਗੀ। ਇਸ ਦਾ ਮਤਲਬ ਹੈ ਕਿ ਜੋ ਵੀ ਆਪਣੇ ਗੁਆਂਢ ਦੇ ਸਕੂਲਾਂ ਵਿੱਚ ਆਏਗਾ, ਉਹ ਫੁੱਲ ਟਾਈਮ ਅਤੇ ਫੇਸ ਟੂ ਫੇਸ (ਕਲਾਸ ਵਿੱਚ ਸ਼ਾਮਲ ਹੋ ਕੇ, ਆਹਮੋ ਸਾਹਮਣੇ ਬੈਠ ਕੇ) ਪੜ੍ਹਾਈ ਕਰੇਗਾ। ਸੈਕੰਡਰੀ ਸਕੂਲਾਂ ਦੇ ਸੰਬੰਧ ਵਿੱਚ ਇਸ ਦਾ ਮਤਲਬ ਇਹ ਵੀ ਹੈ ਕਿ ਦੁਬਾਰਾ ਸਮੈਸਟਰ ਸਿਸਟਮ ਸ਼ੁਰੂ ਹੋ ਜਾਵੇਗਾ। ਸਮੈਸਟਰਾਂ ਨੂੰ ਦੁਬਾਰਾ ਸ਼ੁਰੂ ਕਰਨਾ ਤਾਂ ਸੰਭਵ ਹੋਇਆ ਹੈ ਕਿ ਕਿਉਂਕਿ ਹੁਣ ਸਮੂਹਾਂ ਵਿੱਚ ਰਹਿਣ ਦੀ ਸਿਫਾਰਿਸ਼ ਨਹੀਂ ਕੀਤੀ ਗਈ ਅਤੇ ਵਿਦਿਆਰਥੀਆਂ ਨੂੰ ਗਰੁੱਪਾਂ ਵਿੱਚ ਇਕੱਠੇ ਹੋਣ ਦੀ ਅਜ਼ਾਦੀ ਹੈ। 2 ਮੀਟਰ ਦੀ ਸਰੀਰਕ ਦੂਰੀ ਦੀ ਸ਼ਰਤ ਨੂੰ ਨਰਮ ਕਰ ਦਿੱਤਾ ਗਿਆ ਹੈ, ਪਰ ਅਸੀਂ ਅਜੇ ਵੀ ਲੋਕਾਂ ਨੂੰ ਹਰ ਵਿਅਕਤੀ ਦੀ ਨਿੱਜੀ ਥਾਂ ਦਾ ਸਤਿਕਾਰ ਕਰਨ ਲਈ ਕਹਾਂਗੇ ਅਤੇ ਅਸੀਂ ਸਰੀਰਕ ਸੰਪਰਕ ਨੂੰ ਸੀਮਤ ਕਰਨ ਲਈ ਵਿਦਿਆਰਥੀਆਂ ਅਤੇ ਸਟਾਫ ਨਾਲ ਰਲ ਕੇ ਕੰਮ ਕਰਾਂਗੇ। ਜਿੰਨਾ ਸੰਭਵ ਹੋ ਸਕੇ ਵਿਦਿਆਰਥੀਆਂ ਵਿੱਚ ਉਨੀ ਸੰਭਵ ਦੂਰੀ ਰੱਖਣ ਲਈ ਅਜੇ ਵੀ ਬਹੁਤ ਸਾਰੀਆਂ ਚੀਜ਼ਾਂ ਹੋਣਗੀਆਂ, ਪਰ ਬਹੁਤ ਸਾਰੇ ਢੰਗਾਂ ਨਾਲ ਤੁਸੀਂ ਉਸ ਤਰ੍ਹਾਂ ਦੇ ਇਕੱਠਾਂ ਦੀ ਵਾਪਸੀ ਦੇਖੋਗੇ, ਜਿਸ ਤਰ੍ਹਾਂ ਦੇ ਇਕੱਠ ਪਹਿਲਾਂ ਹੁੰਦੇ ਸਨ। ਪਿਛਲੇ ਸਾਲ ਅਸੀਂ ਵਿਦਿਆਰਥੀਆਂ ਤੋਂ ਉੱਚੀ ਅਤੇ ਸਪਸ਼ਟ ਅਵਾਜ਼ ਵਿੱਚ ਸੁਣਿਆ ਸੀ ਕਿ ਉਹ ਸਕੂਲ ਵਿੱਚ ਦੋਸਤਾਂ ਨਾਲ ਹੋਣ ਲਈ ਕਿੰਨਾ ਲੋਚਦੇ ਸਨ। ਇਹਨਾਂ ਬੰਦਸ਼ਾਂ ਦੇ ਹਟਾਏ ਜਾਣ ਦਾ ਮਤਲਬ ਹੈ ਕਿ ਇਕ ਵਾਰ ਫਿਰ ਵਿਦਿਆਰਥੀ ਜਿਸ ਕਿਸੇ ਨਾਲ ਵੀ ਉਹ ਚਾਹੁਣ ਉਸ ਦੇ ਨਾਲ ਹੋ ਸਕਦੇ ਹਨ।

ਸਾਨੂੰ ਆਪਣੀਆਂ ਗਰਾਊਂਡਾਂ ਅਤੇ ਆਪਣੇ ਸਕੂਲਾਂ ਵਿੱਚ ਨਾਰਮਲ ਹਾਲਤ ਵਾਂਗ ਮਾਪਿਆਂ ਦਾ ਸਵਾਗਤ ਕਰਨ ਦੀ ਵੀ ਖੁਸ਼ੀ ਹੋ ਰਹੀ ਹੈ। ਕੁੱਝ ਸ਼ਰਤਾਂ ਅਜੇ ਵੀ ਲਾਗੂ ਹਨ, ਜਿਵੇਂ ਸਿਹਤ ਦੀ ਰੋਜ਼ਾਨਾ ਜਾਂਚ, ਸਾਈਨ ਇਨ ਕਰਨ ਅਤੇ ਮਾਸਕ ਪਹਿਨਣ ਦੀ ਲੋੜ। ਸਕੂਲ ਇਹ ਵੀ ਚਾਹੁਣਗੇ ਕਿ ਜੇ ਸੰਭਵ ਹੋਵੇ ਤਾਂ ਤੁਸੀਂ ਅਪੁਆਇੰਟਮੈਂਟ ਬਣਾਉ। ਅਸੀਂ ਮਹਾਂਮਾਰੀ ਦੀਆਂ ਸਿਹਤ ਅਤੇ ਸੁਰੱਖਿਆ ਦੀਆਂ ਸੇਧਾਂ ਅਧੀਨ ਮਾਪਿਆਂ ਅਤੇ

ਵਿਜ਼ਟਰਾਂ ਲਈ ਇਸ ਨਿੱਤਨੇਮ ਨੂੰ ਨਾਰਮਲ ਕਰਨ ਲਈ ਉਤਾਵਲੇ ਹਾਂ, ਪਰ ਮਾਪਿਆਂ ਅਤੇ ਕਮਿਊਨਿਟੀ ਦੇ ਮੈਂਬਰਾਂ ਨੂੰ ਆਪਣੇ ਸਕੂਲਾਂ ਵਿੱਚ ਦੁਬਾਰਾ ਦੇਖ ਸਕਣਾ ਬਹੁਤ ਹੀ ਵਧੀਆ ਹੋਵੇਗਾ।

ਅਖੀਰ ਵਿੱਚ ਨੋਟਿਸ ਭੇਜਣ ਦੇ ਅਮਲ ਬਾਰੇ। ਪਿਛਲੇ ਸਾਲ ਅਸੀਂ ਘਰਾਂ ਨੂੰ ਹਜ਼ਾਰਾਂ ਹੀ ਨੋਟਿਸ ਭੇਜੇ ਸਨ। ਬਹੁਤ ਸਾਰੇ ਮਾਪਿਆਂ ਨੇ ਇਸ ਪਾਰਦਰਸ਼ਤਾ ਅਤੇ ਖੁੱਲ੍ਹੇਪਣ ਨੂੰ ਪਸੰਦ ਕੀਤਾ ਸੀ, ਅਤੇ ਕਈ ਮਾਪਿਆਂ ਲਈ ਇਹ ਬਹੁਤ ਜ਼ਿਆਦਾ ਸੀ ਅਤੇ ਇਸ ਨੇ ਉਨ੍ਹਾਂ ਦੀ ਚਿੰਤਾ ਵਿੱਚ ਵਾਧਾ ਕੀਤਾ ਸੀ। ਨੋਟਿਸ ਭੇਜਣ ਦਾ ਅਮਲ ਸਿਹਤ ਮਹਿਕਮੇ ਅਤੇ ਸੂਬੇ ਦੇ ਅਧੀਨ ਹੈ ਅਤੇ ਅਜੇ ਸਾਨੂੰ ਪਤਾ ਨਹੀਂ ਕਿ ਆਉਣ ਵਾਲੇ ਸਾਲ ਵਿੱਚ ਇਹ ਅਮਲ ਕਿਸ ਤਰ੍ਹਾਂ ਦਾ ਹੋਵੇਗਾ। ਹੋਰ ਜਾਣਕਾਰੀ ਦੀ ਉਡੀਕ ਕਰਦਿਆਂ, ਸਾਡਾ ਵਿਸ਼ਵਾਸ ਹੈ ਕਿ ਇਹ ਹੇਠਾਂ ਵਰਗਾ ਹੋਵੇਗਾ:

- ਅਸੀਂ ਅਜੇ ਵੀ ਵਿਸ਼ਵਾਸ ਕਰਦੇ ਹਾਂ ਕਿ ਇਕਾਂਤਵਾਸ ਵਿੱਚ ਜਾਣ ਵਰਗੇ ਨੋਟਿਸ ਭੇਜੇ ਜਾਣਗੇ ਅਤੇ ਹਮੇਸ਼ਾਂ ਵਾਂਗ ਸਿਹਤ ਮਹਿਕਮਾ ਸਾਨੂੰ ਸੇਧ ਦੇਵੇਗਾ ਕਿ ਵਾਇਰਸ ਨਾਲ ਸੰਪਰਕ ਬਾਰੇ ਲੋਕਾਂ ਨੂੰ ਕਦੋਂ ਅਤੇ ਕਿਵੇਂ ਸੂਚਿਤ ਕਰਨਾ ਹੈ।
- ਇਕ ਤਾਜ਼ਾ ਪ੍ਰੈਸ ਸੰਮੇਲਨ ਵਿੱਚ, ਸੂਬਾਈ ਹੈਲਥ ਅਫਸਰ, ਡਾ. ਹੈਨਰੀ ਨੇ ਕਿਹਾ ਸੀ ਕਿ ਵਾਇਰਸ ਨਾਲ ਕਿਸੇ ਇੱਕ ਵਿਅਕਤੀ ਦੇ ਵਾਇਰਸ ਨਾਲ ਸੰਪਰਕ ਬਾਰੇ ਨੋਟਿਸ ਨਹੀਂ ਭੇਜਿਆ ਜਾਵੇਗਾ, ਪਰ ਜੇ ਆਊਟਬ੍ਰੇਕ ਹੋਵੇ ਜਾਂ ਕਿਸੇ ਗਰੁੱਪ ਵਿੱਚ ਲੋਕਾਂ ਦਾ ਵਾਇਰਸ ਨਾਲ ਸੰਪਰਕ ਹੋਵੇ ਤਾਂ ਇਸ ਬਾਰੇ ਰਿਪੋਰਟ ਕੀਤੀ ਜਾਵੇਗੀ।
- ਉਨ੍ਹਾਂ ਨੇ ਸਕੂਲਾਂ ਨਾਲ ਰਲ ਕੇ ਕੰਮ ਕਰਨ ਦੀ ਗੱਲ ਕਹੀ ਅਤੇ ਕਿਹਾ ਕਿ "ਹਰ ਉਸ ਵਿਅਕਤੀ ਨੂੰ ਸੂਚਿਤ ਕੀਤਾ ਜਾਵੇਗਾ, ਜਿਸ ਨੂੰ ਖਤਰਾ ਹੋਵੇ" ਅਤੇ ਇਸ ਦੇ ਨਾਲ ਨਾਲ "ਕਿਸੇ ਗਰੁੱਪ ਵਿੱਚ ਹੋਏ ਸੰਪਰਕ ਦੀ ਹਰ ਕੇਸ ਜਾਂ ਆਊਟਬ੍ਰੇਕ ਬਾਰੇ ਰਿਪੋਰਟ ਕੀਤੀ ਜਾਵੇਗੀ"।

ਅਸੀਂ ਨੋਟਿਸਾਂ ਦੇ ਅਮਲ ਬਾਰੇ ਅੰਤਿਮ ਵਿਸਥਾਰ ਦੀ ਉਡੀਕ ਕਰ ਰਹੇ ਹਾਂ, ਅਤੇ ਜਦੋਂ ਇਹ ਵਿਸਥਾਰ ਜਾਰੀ ਹੋ ਜਾਵੇਗਾ, ਤਾਂ ਅਸੀਂ ਉਸ ਨੂੰ ਲੋਕਾਂ ਨਾਲ ਸਾਂਝਾ ਕਰਾਂਗੇ, ਤਾਂ ਕਿ ਤੁਹਾਨੂੰ ਪਤਾ ਹੋਵੇ ਕਿ ਆਉਣ ਵਾਲੇ ਸਾਲ ਵਿੱਚ ਕਿਸ ਚੀਜ਼ ਦੀ ਉਮੀਦ ਰੱਖਣੀ ਹੈ।

ਅਖੀਰ ਵਿੱਚ ਇਕੱਠੇ ਹੋਣ ਦੇ ਨਿਯਮਾਂ ਬਾਰੇ, ਬਹੁਤ ਸਾਰੀਆਂ ਤਬਦੀਲੀਆਂ ਹਨ ਜਿਹੜੀਆਂ ਸਟਾਫ ਮੈਂਬਰਾਂ ਨੂੰ ਪ੍ਰਭਾਵਿਤ ਕਰਨਗੀਆਂ ਕਿ ਉਹਨਾਂ ਨੇ ਸਕੂਲ ਵਿੱਚ ਕਿਸ ਤਰ੍ਹਾਂ ਮਿਲਣਾ ਅਤੇ ਇਕੱਤਰ ਹੋਣਾ ਹੈ। ਖਾਸ ਤੌਰ `ਤੇ 50 ਲੋਕਾਂ ਤੱਕ ਜਾਂ ਕਮਰੇ ਦੀ ਸਮਰੱਥਾ ਦੀ 50% ਤੱਕ ਇਕੱਠੇ ਹੋਣ ਦੇ ਨਿਯਮ ਦਾ ਮਤਲਬ ਹੈ ਕਿ ਅਸੀਂ ਵੱਡੇ ਗਰੁੱਪਾਂ ਵਿੱਚ ਇਕੱਠੇ ਹੋ ਸਕਾਂਗੇ, ਜਿਹੜੀ ਕਿ ਇਕ ਚੰਗੀ ਗੱਲ ਹੈ। ਮੈਂ ਕਹਿਣਾ ਚਾਹਾਂਗਾ ਕਿ ਸਾਡੇ ਜ਼ਿਲ੍ਹੇ ਭਰ ਦੇ ਲੋਕ ਮਹਾਂਮਾਰੀ ਵਿੱਚ ਵਿਚਰਣ ਦੇ ਸੰਬੰਧ ਵਿੱਚ ਵੱਖ ਵੱਖ ਤਰ੍ਹਾਂ ਮਹਿਸੂਸ ਕਰਦੇ ਹਨ। ਮੈਂ ਆਸ ਕਰਦਾ ਹਾਂ ਕਿ ਅਸੀਂ ਇਨ੍ਹਾਂ ਤਬਦੀਲੀਆਂ ਨੂੰ ਹੌਲੀ ਹੌਲੀ ਅਪਣਾਵਾਂਗੇ, ਇਸ ਗੱਲ ਦੀ ਕਦਰ ਕਰਦਿਆਂ ਕਿ ਲੋਕਾਂ ਦੇ ਮਹਾਂਮਾਰੀ ਵਿੱਚ ਵਿਚਰਣ ਦੇ ਪੱਧਰ ਵੱਖ ਵੱਖ ਹਨ ਅਤੇ ਇਸ ਤਬਦੀਲੀ ਨੂੰ ਸਮਾਂ ਲੱਗੇਗਾ। ਹੋ ਸਕਦਾ ਹੈ ਕਿ ਸਾਡੇ ਵੱਲੋਂ ਜਿੰਮ ਵਿੱਚ ਸੈਂਕੜੇ ਵਿਦਿਆਰਥੀਆਂ ਨਾਲ ਇਕੱਠੇ ਹੋਣ ਨੂੰ ਕੁਝ ਸਮਾਂ ਲੱਗੇ, ਭਾਵੇਂ ਕਿ ਨਿਯਮ ਇਸ ਦੀ ਪਹਿਲੇ ਦਿਨ ਤੋਂ ਇਜਾਜ਼ਤ ਦਿੰਦੇ ਹਨ।

ਜੂਨ ਵਿੱਚ ਮੈਂ ਸਟਾਫ ਨੂੰ ਕਿਹਾ ਸੀ ਕਿ ਬਹੁਤ ਹੀ ਜ਼ਿਆਦਾ ਗੁੰਝਲਦਾਰ ਸਾਲ ਵਿੱਚ ਦੀ ਲੰਘਣ ਵਿੱਚ ਮਦਦ ਕਰਨ ਲਈ ਉਨ੍ਹਾਂ ਨੇ ਜੋ ਕੁੱਝ ਕੀਤਾ ਹੈ, ਉਸ ਦਾ ਉਚਿਤ ਢੰਗ ਨਾਲ ਧੰਨਵਾਦ ਕਰਨ ਦਾ ਕੋਈ ਢੰਗ ਨਹੀਂ ਹੈ। ਅਗਾਂਹ ਵੱਲ ਦੇਖਦਿਆਂ ਕਹਿ ਸਕਦੇ ਹਾਂ ਕਿ ਇਸ ਬਾਰੇ ਕੋਈ ਕਿੰਤੂ ਨਹੀਂ ਹੈ ਕਿ ਮਹਾਂਮਾਰੀ ਅਜੇ ਵੀ ਇਕ ਵੱਡਾ ਸਰੋਕਾਰ ਹੈ। ਸਾਨੂੰ ਅਜੇ ਵੀ ਸਿਹਤ ਅਤੇ ਸੁਰੱਖਿਆ ਦੇ ਸਾਰੇ ਉਪਾਵਾਂ ਨੂੰ ਬਹੁਤ ਗੰਭੀਰਤਾ ਨਾਲ ਲੈਣ ਦੀ ਅਤੇ ਚੌਕਸ ਰਹਿਣ ਦੀ ਲੋੜ ਹੈ। ਜਿਸ ਚੀਜ਼ ਦਾ ਸਾਨੂੰ ਯਕੀਨੀ ਤੌਰ `ਤੇ ਪਤਾ ਹੈ, ਉਹ ਇਹ ਹੈ ਕਿ ਪਿਛਲੇ ਸਾਲ ਦੀ ਬਸੰਤ ਰੁੱਤ ਵਿੱਚ ਜਦੋਂ ਵੈਕਸੀਨ ਉਪਲਬਧ ਹੋ ਗਏ ਸਨ, ਤਾਂ ਸਕੂਲਾਂ ਵਿੱਚ ਸਾਡੇ ਕੇਸਾਂ ਦੀ ਗਿਣਤੀ ਘੱਟ ਗਈ ਸੀ। ਮੈਨੂੰ ਬਹੁਤ ਉਮੀਦ ਹੈ ਕਿ ਵਾਇਰਸ ਦੀ

ਡੈਲਟਾ ਕਿਸਮ ਦੇ ਬਾਵਜੂਦ, ਪੱਤਝੜ ਵਿੱਚ ਵੀ ਇਹ ਹੀ ਕਹਾਣੀ ਹੋਵੇਗੀ, ਅਤੇ ਸਕੂਲਾਂ ਵਿੱਚ ਕੇਸਾਂ ਦੀ ਗਿਣਤੀ ਦਾ ਘੱਟ ਰਹਿਣਾ ਜਾਰੀ ਰਹੇਗਾ।

7 ਸਤੰਬਰ ਨੂੰ 75,000 ਦੇ ਕਰੀਬ ਵਿਦਿਆਰਥੀ ਸਾਡੇ ਸਕੂਲਾਂ ਦੀਆਂ ਦਹਿਲੀਜ਼ਾਂ ਲੰਘਣਗੇ ਅਤੇ ਅਜਿਹੇ ਸਾਲ ਦੀ ਸ਼ੁਰੂਆਤ ਕਰਨਗੇ ਜਿਸ ਵਿੱਚ ਉਹ ਆਪਣੇ ਦੋਸਤਾਂ ਨਾਲ ਖੇਡ ਸਕਣਗੇ, ਕਲੱਬਾਂ ਵਿੱਚ ਸ਼ਾਮਲ ਹੋ ਸਕਣਗੇ, ਟੀਮਾਂ ਵਿੱਚ ਹਿੱਸਾ ਲੈ ਸਕਣਗੇ ਅਤੇ ਹੋਰ ਬਹੁਤ ਸਾਰੀਆਂ ਸਰਗਰਮੀਆਂ ਵਿੱਚ ਸ਼ਾਮਲ ਹੋ ਸਕਣਗੇ। ਢੁਕਵੇਂ ਨਿਯਮਾਂ ਦਾ ਪਾਲਣ ਕਰਦਿਆਂ, ਅਸੀਂ ਇਕ ਵਾਰ ਫਿਰ ਵਿਦਿਆਰਥੀਆਂ ਨੂੰ ਅਸੰਬਲੀ ਵਿੱਚ ਇਕੱਤਰ ਕਰ ਸਕਾਂਗੇ ਅਤੇ ਉਨ੍ਹਾਂ ਦੀ ਪੜ੍ਹਾਈ ਵਿੱਚ ਵਾਧਾ ਅਤੇ ਪਸਾਰ ਕਰਨ ਲਈ ਵਿਦਿਆਰਥੀਆਂ ਨੂੰ ਫੀਲਡ ਟ੍ਰਿੱਪਾਂ `ਤੇ ਲਿਜਾ ਸਕਾਂਗੇ। ਇਸ ਬਾਰੇ ਕੋਈ ਸਵਾਲ ਨਹੀਂ ਹੈ ਕਿ ਮਹਾਂਮਾਰੀ ਅਜੇ ਖਤਮ ਨਹੀਂ ਹੋਈ, ਇਸ ਪੱਤਝੜ ਰੁੱਤੇ ਅਸੀਂ ਇਕ ਨਵਾਂ ਮੋੜ ਮੁੜਨ ਅਤੇ ਸਕੂਲ ਵਿੱਚ ਉਸ ਤਰ੍ਹਾਂ ਦੀ ਜ਼ਿੰਦਗੀ ਦੇਖਣ ਦੀ ਉਮੀਦ ਕਰਦੇ ਹਾਂ, ਜਿਸ ਤਰ੍ਹਾਂ ਦੀ ਜ਼ਿੰਦਗੀ 2020 ਤੋਂ ਪਹਿਲਾਂ ਸੀ।

ਅਸੀਂ ਰਲਕੇ ਇਸ ਸਫਰ `ਤੇ ਜਾਣ ਲਈ ਉਤਾਵਲੇ ਹਾਂ।